# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਅਧਿਕਾਰ

## ਵਿਤਕਰੇ ਤੋਂ ਹਿਫਾਜ਼ਤ

ਇਕ ਦੂਜੇ ਦੇ ਮਨੁੱਖੀ ਅਧਿਕਾਰਾਂ ਦਾ ਆਦਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। *ਬੀ.ਸੀ. ਹਿਊਮਨ ਰਾਈਟਸ ਕੋਡ* (*ਕੋਡ*) ਇਕ ਮਹੱਤਵਪੂਰਨ ਕਾਨੂੰਨ ਹੈ ਜੋ ਕਿ ਲੋਕਾਂ ਦੀ ਵਿਤਕਰੇ ਅਤੇ ਪਰੇਸ਼ਾਨੀ ਤੋਂ ਹਿਫਾਜ਼ਤ ਕਰਨ ਲਈ ਮੌਜੂਦ ਹੈ। ਇਹ ਕੋਡ ਕਿਸੇ ਵਿਅਕਤੀ ਜਾਂ ਗਰੁੱਪ ਨੂੰ ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਦਰਜ ਕਰਵਾਉਣ ਦੀ ਆਗਿਆ ਦਿੰਦਾ ਹੈ, ਜੇ ਉਹ ਇਹ ਯਕੀਨ ਕਰਦੇ ਹਨ ਕਿ ਉਨ੍ਹਾਂ ਨਾਲ ਵਿਤਕਰਾ ਹੋਇਆ ਹੈ ਜਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਅਤੇ ਜੇ ਉਹ ਸ਼ਿਕਾਇਤ ਕਰਦੇ ਹਨ ਤਾਂ ਉਨ੍ਹਾਂ ਖਿਲਾਫ ਬਦਲੇ ਦੀ ਕੋਈ ਕਾਰਵਾਈ ਕੀਤੇ ਜਾਣ ਤੋਂ ਹਿਫਾਜ਼ਤ ਕਰਦਾ ਹੈ।

## ਵਿਤਕਰਾ ਕੀ ਹੈ?
## ਪਰੇਸ਼ਾਨ ਕਰਨਾ ਕੀ ਹੈ?

ਬੀ.ਸੀ. ਵਿਚ, ਇਸ ਨੂੰ ***ਵਿਤਕਰਾ*** (ਡਿਸਕ੍ਰਿਮੀਨੇਸ਼ਨ) ਸਮਝਿਆ ਜਾਂਦਾ ਹੈ ਜਦੋਂ ਕਿਸੇ ਨਾਲ ਉਸ ਦੀ ਨਸਲ, ਰੰਗ, ਪਿਛੋਕੜ, ਜਨਮ ਸਥਾਨ, ਧਰਮ, ਵਿਆਹੁਤਾ ਜਾਂ ਪਰਿਵਾਰਕ ਸਥਿਤੀ, ਸਰੀਰਕ ਜਾਂ ਮਾਨਸਿਕ ਅਪਾਹਜਤਾ (ਡਿਸਏਬਿਲਟੀ), ਸੈਕਸ, ਕਾਮੁਕ ਰੁਚੀਆਂ, ਉਮਰ (19 ਅਤੇ 65 ਸਾਲ ਦੇ ਵਿਚਕਾਰ), ਮੁਜਰਮਾਨਾ ਦੋਸ਼ਾਂ (ਰੁਜ਼ਗਾਰ ਵਿਚ), ਰਾਜਨੀਤਕ ਵਿਸ਼ਵਾਸਾਂ (ਰੁਜ਼ਗਾਰ ਵਿਚ), ਜਾਂ ਆਮਦਨ ਦੇ ਕਾਨੂੰਨੀ ਵਸੀਲੇ (ਕਿਰਾਏਦਾਰੀ ਵਿਚ) ਕਰਕੇ ਵੱਖਰੀ ਤਰ੍ਹਾਂ ਦਾ ਅਤੇ ਮਾੜਾ ਵਰਤਾਉ ਕੀਤਾ ਜਾਂਦਾ ਹੈ।

ਵਿਤਕਰੇ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹਨ:

- ਕਿਸੇ ਔਰਤ ਨੂੰ ਇਸ ਕਰਕੇ ਕੰਮ ਤੋਂ ਹਟਾਉਣਾ ਕਿਉਂਕਿ ਉਹ ਗਰਭਵਤੀ ਹੈ;
- ਕਿਸੇ ਮਰਦ ਨੂੰ ਇਸ ਕਰਕੇ ਅਪਾਰਟਮੈਂਟ ਕਿਰਾਏ 'ਤੇ ਦੇਣ ਤੋਂ ਨਾਂਹ ਕਰਨਾ ਕਿਉਂਕਿ ਉਹ ਗੇਅ (ਸਮਲਿੰਗੀ) ਹੈ;
- ਕਿਸੇ ਨੂੰ ਇਸ ਕਰਕੇ ਕੰਮ 'ਤੇ ਰੱਖਣ ਤੋਂ ਨਾਂਹ ਕਰਨਾ ਕਿਉਂਕਿ ਉਹ ਸਰੀਰਕ ਜਾਂ ਮਾਨਸਿਕ ਤੌਰ 'ਤੇ ਅਪਾਹਜ ਹੈ; ਅਤੇ
- ਇੱਕੋ ਜਿਹਾ ਕੰਮ ਕਰਨ ਵਾਲੀ ਕਿਸੇ ਔਰਤ ਨੂੰ ਮਰਦ ਨਾਲੋਂ ਘੱਟ ਤਨਖਾਹ ਦੇਣਾ।

***ਪਰੇਸ਼ਾਨ ਕਰਨਾ***, (ਹੈਰਸਮੈਂਟ) ਵਿਤਕਰੇ ਦਾ ਇਕ ਰੂਪ ਹੈ। ਇਸ ਨੂੰ ਪਰੇਸ਼ਾਨ ਕਰਨਾ ਸਮਝਿਆ ਜਾਂਦਾ ਹੈ ਜਦੋਂ ਕਿਸੇ ਵਿਅਕਤੀ 'ਤੇ ਅਣਚਾਹੇ ਫਿਕਰੇ ਕੱਸੇ ਜਾਂਦੇ ਹਨ (ਅਕਸਰ ਵਾਰ ਵਾਰ) ਜਾਂ ਅਜਿਹਾ ਵਰਤਾਉ ਕੀਤਾ ਜਾਂਦਾ ਹੈ ਜਿਹੜਾ ਬੇਇੱਜ਼ਤੀ ਕਰਨ ਵਾਲਾ ਜਾਂ ਮਾਣ ਘਟਾਉਣ ਵਾਲਾ ਹੋਵੇ, ਜਾਂ ਉਪਰ ਲਿਖੇ ਕਾਰਨਾਂ, ਜਿਵੇਂ ਕਿ ਨਸਲ, ਧਰਮ, ਜਾਂ ਕਾਮੁਕ ਰੁਚੀਆਂ, ਕਰਕੇ ਉਸ ਦਾ ਅਪਮਾਨ ਕੀਤਾ ਜਾਂਦਾ ਹੈ। (ਜ਼ਿਆਦਾ ਜਾਣਕਾਰੀ ਲਈ, ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਅਧਿਕਾਰ: ਪਰੇਸ਼ਾਨ ਕਰਨਾ ਦੇਖੋ।)

ਬੀ.ਸੀ. ਵਿਚ, ਵਿਤਕਰਾ ਕਰਨਾ ਅਤੇ ਪਰੇਸ਼ਾਨ ਕਰਨਾ ਕਾਨੂੰਨ ਦੇ ਖਿਲਾਫ਼ ਹਨ।

### ਬੀ.ਸੀ. ਵਿਚ, ਕਿਸੇ ਵਿਅਕਤੀ ਨਾਲ, ਅੱਗੇ ਲਿਖਿਆਂ ਵਿੱਚੋਂ ਉਸ ਦੀ ਕਿਸੇ ਗੱਲ ਕਰਕੇ ਕੋਈ ਵਿਤਕਰਾ ਕਰਨਾ ਜਾਂ ਉਸ ਨੂੰ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ:

- ਨਸਲ;
- ਰੰਗ;
- ਪਿਛੋਕੜ;
- ਜਨਮ ਸਥਾਨ;
- ਧਰਮ;
- ਵਿਆਹੁਤਾ ਸਥਿਤੀ;
- ਪਰਿਵਾਰਕ ਸਥਿਤੀ;
- ਸਰੀਰਕ ਜਾਂ ਮਾਨਸਿਕ ਅਪਾਹਜਤਾ;
- ਕਾਮੁਕ ਰੁਚੀਆਂ;
- ਸੈਕਸ (ਜਿਸ ਵਿਚ ਗਰਭਵਤੀ ਹੋਣਾ, ਬੱਚੇ ਨੂੰ ਦੁੱਧ ਚੁੰਘਾਉਂਦੇ ਹੋਣਾ ਅਤੇ ਕਾਮੁਕ ਪਰੇਸ਼ਾਨੀ ਸ਼ਾਮਲ ਹਨ);
- ਉਮਰ (19 ਅਤੇ 65 ਸਾਲ ਦੇ ਵਿਚਕਾਰ);
- ਮੁਜਰਮਾਨਾ ਦੋਸ਼ਾਂ ਕਰਕੇ (ਸਿਰਫ ਰੁਜ਼ਗਾਰ ਵਿਚ);
- ਰਾਜਨੀਤਕ ਵਿਸ਼ਵਾਸਾਂ ਕਰਕੇ (ਸਿਰਫ ਰੁਜ਼ਗਾਰ ਵਿਚ); ਜਾਂ
- ਆਮਦਨ ਦੇ ਕਾਨੂੰਨੀ ਵਸੀਲੇ ਕਰਕੇ (ਸਿਰਫ ਕਿਰਾਏਦਾਰੀ ਵਿਚ)।

### ਕਿੱਥੇ?

*ਹਿਊਮਨ ਰਾਈਟਸ ਕੋਡ* ਸਾਰੇ ਬਿਜ਼ਨਸਾਂ, ਏਜੰਸੀਆਂ, ਅਤੇ ਸੂਬੇ ਦੇ ਨਿਯਮਾਂ ਹੇਠ ਆਉਂਦੀਆਂ ਸੇਵਾਵਾਂ 'ਤੇ ਲਾਗੂ ਹੁੰਦਾ ਹੈ। ਇਹ ਕੋਡ ਲੋਕਾਂ ਦੀ **ਜਨਤਕ ਥਾਂਵਾਂ** ਵਿਚ ਵਿਤਕਰੇ ਅਤੇ ਪਰੇਸ਼ਾਨੀ ਤੋਂ ਹਿਫਾਜ਼ਤ ਕਰਦਾ ਹੈ, ਜਿਸ ਵਿਚ ਸਕੂਲ, ਯੂਨੀਵਰਸਿਟੀਆਂ, ਹਸਪਤਾਲ, ਮੈਡੀਕਲ ਕਲਿਨਿਕ, ਸਟੋਰ, ਰੈਸਟੋਰੈਂਟ, ਸੂਬਾਈ ਅਤੇ ਸਥਾਨਕ ਸਰਕਾਰਾਂ ਦੇ ਦਫਤਰ, ਅਤੇ ਬੱਸਾਂ ਸ਼ਾਮਲ ਹਨ। ਇਹ ਕੋਡ ਛਪੀਆਂ ਹੋਈਆਂ ਲਿਖਤਾਂ ਵਿਚ ਵੀ ਲੋਕਾਂ ਦੀ ਵਿਤਕਰੇ ਤੋਂ ਹਿਫਾਜ਼ਤ ਕਰਦਾ ਹੈ ਅਤੇ ਰੁਜ਼ਗਾਰ, ਕਿਰਾਏਦਾਰੀ, ਅਤੇ ਜਾਇਦਾਦ ਦੀ ਖਰੀਦ ਵਰਗੇ ਖੇਤਰਾਂ ਵਿਚ ਵੀ।

## ਇਰਾਦਾ

ਵਿਤਕਰੇ ਦਾ ਕਾਨੂੰਨ ਦੇ ਖਿਲਾਫ਼ ਹੋਣ ਲਈ ਇਹ ਜ਼ਰੂਰੀ ਨਹੀਂ ਹੈ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਹਰਕਤ ਕਰਨ ਜਾਂ ਫਿਕਰਾ ਕੱਸਣ ਲਈ ਜ਼ਿੰਮੇਵਾਰ ਵਿਅਕਤੀ ਨੇ ਭਾਵੇਂ ਅਜਿਹਾ "ਮੰਦਭਾਵਨਾ" ਨਾਲ ਨਹੀਂ ਕੀਤਾ, ਕਾਨੂੰਨ ਮੁਤਾਬਕ ਇਹ ਫਿਰ ਵੀ ਵਿਤਕਰਾ ਹੈ।

## ਲੋੜਾਂ ਪੂਰੀਆਂ ਕਰਨ ਦਾ ਫਰਜ਼

ਕੰਮ-ਮਾਲਕਾਂ, ਮਕਾਨ-ਮਾਲਕਾਂ, ਅਤੇ ਪਬਲਿਕ ਨੂੰ ਸਰਵਿਸ ਦੇਣ ਵਾਲੇ ਲੋਕਾਂ ਦਾ ਇਹ ਫਰਜ਼ ਹੈ ਕਿ ਉਹ ਉਨ੍ਹਾਂ ਲੋਕਾਂ ਦੀਆਂ ਖਾਸ ਲੋੜਾਂ ਪੂਰੀਆਂ ਕਰਨ, ਜਿਨ੍ਹਾਂ ਨੂੰ ਕਿਸੇ ਚੀਜ਼ ਦੇ ਆਮ ਤਰੀਕਿਆਂ ਵਿਚ ਤਬਦੀਲੀਆਂ ਦੀ ਲੋੜ ਹੈ। ਉਦਾਹਰਣ ਲਈ, ਕਿਸੇ ਅਪਾਹਜ ਵਿਅਕਤੀ ਜਾਂ ਬੱਚੇ ਨੂੰ ਦੁੱਧ ਚੁੰਘਾ ਰਹੀ

ਮਾਂ ਦੀਆਂ ਖਾਸ ਲੋੜਾਂ ਪੂਰੀਆਂ ਨਾ ਕਰਨਾ ਵਿਤਕਰੇ ਦਾ ਇਕ ਰੂਪ ਹੈ (ਜੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਨਾਲ ਕੰਮ-ਮਾਲਕ, ਮਕਾਨ-ਮਾਲਕ, ਅਤੇ ਸਰਵਿਸ ਪ੍ਰਦਾਨ ਕਰਨ ਵਾਲੇ ਨੂੰ ਨਾ-ਵਾਜਬ ਤੰਗੀ ਨਹੀਂ ਝੱਲਣੀ ਪੈਂਦੀ)।

## ਵਿਤਕਰੇ ਅਤੇ ਪਰੇਸ਼ਾਨੀ ਨਾਲ ਸਿੱਝਣਾ

ਜੇ ਤੁਹਾਡੇ ਨਾਲ ਵਿਤਕਰਾ ਹੋ ਰਿਹਾ ਹੈ ਜਾਂ ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ:

- ਜੇ ਅਜਿਹਾ ਕਰਨਾ ਸੁਰੱਖਿਅਤ ਹੋਵੇ ਤਾਂ ਉਸ ਵਿਅਕਤੀ ਨੂੰ ਦ੍ਰਿੜਤਾ ਨਾਲ ਇਹ ਦੱਸੋ ਕਿ ਉਸ ਦੀਆਂ ਹਰਕਤਾਂ ਜਾਂ ਫਿਕਰੇ ਨਾ ਪ੍ਰਵਾਨ ਕਰਨਯੋਗ ਹਨ ਅਤੇ ਉਹ ਅਜਿਹਾ ਕਰਨਾ ਬੰਦ ਕਰੇ। ਜੇ ਤੁਹਾਨੂੰ ਇਹ ਕਹਿਣਾ ਔਖਾ ਲੱਗੇ ਤਾਂ ਕਿਸੇ ਦੋਸਤ ਦੀ ਮਦਦ ਲੈਣ ਬਾਰੇ ਵਿਚਾਰ ਕਰੋ।
- ਇਹ ਲਿਖ ਲਵੋ ਕਿ ਕੀ ਹੋਇਆ ਸੀ ਅਤੇ ਕਦੋਂ ਹੋਇਆ ਸੀ, ਅਤੇ ਕੀ ਕਿਹਾ ਗਿਆ ਸੀ।
- ਜੇ ਵਿਤਕਰਾ ਜਾਂ ਪਰੇਸ਼ਾਨ ਕੰਮ 'ਤੇ, ਤੁਹਾਡੀ ਅਪਾਰਟਮੈਂਟ ਬਿਲਡਿੰਗ ਵਿਚ, ਜਾਂ ਕਿਸੇ ਸਟੋਰ ਜਾਂ ਰੈਸਟੋਰੈਂਟ ਵਿਚ ਕੀਤਾ ਗਿਆ ਹੈ ਤਾਂ ਆਪਣੇ ਕੰਮ-ਮਾਲਕ ਜਾਂ ਮਕਾਨ-ਮਾਲਕ ਜਾਂ ਮੈਨੇਜਰ ਨੂੰ ਕਹੋ ਕਿ ਉਹ ਇਹਦੇ ਬਾਰੇ ਕੁਝ ਕਰੇ।
- ਕੰਮ ਜਾਂ ਸਕੂਲ ਵਿਚ ਸ਼ਿਕਾਇਤ ਦਰਜ ਕਰਵਾਉਣ ਲਈ ਸ਼ਿਕਾਇਤ ਕਰਨ ਦੇ ਅੰਦਰੂਨੀ ਤਰੀਕੇ ਵਰਤੋ। ਜੇ ਤੁਹਾਡੇ ਨਾਲ ਕੰਮ 'ਤੇ ਵਿਤਕਰਾ ਕੀਤਾ ਗਿਆ ਹੈ ਜਾਂ ਤੁਹਾਨੂੰ ਪਰੇਸ਼ਾਨ ਕੀਤਾ ਗਿਆ ਹੈ ਅਤੇ ਤੁਸੀਂ ਕਿਸੇ ਯੂਨੀਅਨ ਵਿਚ ਹੋ ਤਾਂ ਆਪਣੀ ਯੂਨੀਅਨ ਦੇ ਪ੍ਰਤੀਨਿਧ ਨੂੰ ਕਹੋ ਕਿ ਉਹ ਤੁਹਾਡੀ ਮਦਦ ਕਰੇ।
- ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਮਨੁੱਖੀ ਅਧਿਕਾਰਾਂ ਦੀ ਸ਼ਿਕਾਇਤ ਦਰਜ ਕਰਵਾਉ। (ਸੰਪਰਕ ਦੇਖੋ)।

## ਮਨੁੱਖੀ ਅਧਿਕਾਰਾਂ ਦੀਆਂ ਸ਼ਿਕਾਇਤਾਂ

*ਹਿਊਮਨ ਰਾਈਟਸ ਕੋਡ* ਅਧੀਨ ਸ਼ਿਕਾਇਤ ਕਰਨ ਲਈ, ਅੱਗੇ ਲਿਖੀਆਂ ਸਾਰੀਆਂ ਗੱਲਾਂ ਸੱਚ ਹੋਣੀਆਂ ਚਾਹੀਦੀਆਂ ਹਨ:

1. ਤੁਹਾਡੇ ਇਕੱਲਿਆਂ ਨਾਲ, ਦੂਜਿਆਂ ਦੇ ਮੁਕਾਬਲੇ ਵੱਖਰਾ ਅਤੇ ਮਾੜਾ ਵਰਤਾਉ ਕੀਤਾ ਗਿਆ ਹੈ;
2. ਤੁਹਾਡੇ ਨਾਲ ਨਿੱਜੀ ਖ਼ਾਸੀਅਤ ***ਕਰਕੇ*** ਵੱਖਰੀ ਤਰ੍ਹਾਂ ਅਤੇ ਮਾੜਾ ਵਰਤਾਉ ਕੀਤਾ ਜਾ ਰਿਹਾ ਹੈ ਜਿਵੇਂ ਕਿ ਤੁਹਾਡੀ ਨਸਲ, ਰੰਗ, ਧਾਰਮਿਕ ਵਿਸ਼ਵਾਸ, ਸੈਕਸ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਜਾਂ ਕਾਮੁਕ ਰੁਚੀਆਂ ਕਰਕੇ, **ਅਤੇ**
3. ਇਹ ਵਰਤਾਉ ਜਨਤਕ ਥਾਂ 'ਤੇ ਹੋਇਆ ਹੈ, ਉਦਾਹਰਣ ਲਈ, ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਮਕਾਨ-ਮਾਲਕ ਅਤੇ ਕਿਰਾਏਦਾਰ ਵਿਚਕਾਰ।

## ਸ਼ਿਕਾਇਤਾਂ ਵਿਚ ਮਦਦ

ਆਮ ਤੌਰ 'ਤੇ ਕਥਿਤ ਵਿਤਕਰਾ ਜਾਂ ਪਰੇਸ਼ਾਨ ਕਰਨ ਦੀ ਘਟਨਾ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਸ਼ਿਕਾਇਤ ਕੀਤੀ ਜਾਣੀ ਜ਼ਰੂਰੀ ਹੈ। ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜੋ ਕਿ ਅਦਾਲਤੀ ਕਾਰਵਾਈ ਵਰਗੀ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਜਾਂ ਸ਼ਿਕਾਇਤ ਦਾ ਜਵਾਬ ਦੇਣ ਲਈ ਮਦਦ ਮੌਜੂਦ ਹੈ। ਸਰਕਾਰੀ ਫੰਡਾਂ ਨਾਲ ਚੱਲਣ ਵਾਲਾ ਲੀਗਲ ਕਲੀਨਿਕ ਮਦਦ ਕਰਦਾ ਹੈ, ਜਿਸ ਵਿਚ, ਬੀ.ਸੀ. ਵਿਚ ਰਹਿੰਦੇ ਕਿਸੇ ਵੀ ਯੋਗ ਵਿਅਕਤੀ ਦੀ ਮੁਫਤ ਕਾਨੂੰਨੀ ਪ੍ਰਤੀਨਿਧਤਾ ਕਰਨਾ ਸ਼ਾਮਲ ਹੈ। (ਸੰਪਰਕ ਦੇਖੋ)।

## ਸੰਪਰਕ

**ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ**
**B.C. Human Rights Tribunal**
Suite 1170 605 Robson St.
Vancouver, BC V6B 5J3
ਫੋਨ: 604 775-2000
ਟੋਲ-ਫ੍ਰੀ (ਬੀ.ਸੀ. ਵਿਚ): 1 888 440-8844
ਟੀ ਟੀ ਵਾਈ (ਉੱਚਾ ਸੁਣਨ ਵਾਲੇ ਲੋਕਾਂ ਲਈ): 604 775-2021
ਵੈੱਬ: www.bchrt.gov.bc.ca

**ਬੀ.ਸੀ. ਹਿਊਮਨ ਰਾਈਟਸ ਕਲਿਨਿਕ**
**B.C. Human Rights Clinic**
(ਸੂਬੇ ਦੇ ਹਰ ਹਿੱਸੇ ਵਿਚਲੇ ਸ਼ਿਕਾਇਤਕਰਤਾ ਲਈ)
c/o BC Human Rights Coalition
Suite 1202 510 West Hastings St.
Vancouver, BC V6B 1L8
ਫੋਨ: 604 689-8474
ਟੋਲ-ਫ੍ਰੀ: 1 877 689-8474
ਵੈੱਬ: www.bchrcoalition.org

**ਲਾਅ ਸੈਂਟਰ ਹਿਊਮਨ ਰਾਈਟਸ ਕਲਿਨਿਕ**
**The Law Centre Human Rights Clinic**
(ਸੂਬੇ ਦੇ ਹਰ ਹਿੱਸੇ ਵਿਚਲੇ ਉੱਤਰਦਾਇਕ ਲਈ ਅਤੇ ਵਿਕਟੋਰੀਆ ਦੇ ਇਲਾਕੇ ਵਿਚ ਸ਼ਿਕਾਇਤਕਰਤਾ ਲਈ)
Third Floor 1221 Broad St.
Victoria, BC V8W 2A4
ਫੋਨ: 250 385-1221
ਟੋਲ-ਫ੍ਰੀ: 1 866 385-1221
ਈ-ਮੇਲ: reception@thelawcentre.ca

**ਮਨਿਸਟਰੀ ਆਫ਼ ਅਟੌਰਨੀ ਜਨਰਲ**
**Ministry of Attorney General**
Strategic Planning and Legislation Office
11th Floor 1001 Douglas St.
PO BOX 9286 STN PROV GOVT
Victoria, BC V8W 9J7
ਫੋਨ: 250 356-9666
ਟੀ ਟੀ ਵਾਈ: ਕਿਰਪਾ ਕਰਕੇ ਇਨਕੁਆਰੀ ਬੀ ਸੀ ਨੂੰ ਫੋਨ ਕਰੋ:
1 800 661-8773
ਵੈੱਬ: www.ag.gov.bc.ca/human-rights-protection

*ਜਾਣਕਾਰੀ ਦੇਣ ਵਾਲੀ ਇਸ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦੀ ਥਾਂ ਲੈਣਾ ਨਹੀਂ ਹੈ।*